# ਦੋ ਹਿੰਦੁਸਤਾਨ

ਅਠਾਰਾਂ ਅਪ੍ਰੈਲ ਨੂੰ ਸੁਪ੍ਰੀਮ ਕੋਰਟ ਨੇ ਹਿੰਦੁਸਤਾਨ ਦੇ ਪਲੈਨਿੰਗ ਕਮਿਸ਼ਨ ਦੇ ਵਕੀਲ ਨੂੰ ਫਟਕਾਰ ਲਾਉਂਦੇ ਹੋਏ ਕਿਹਾ ਕਿ ਇਹ ਕਿਸ ਤਰ੍ਹਾਂ ਮੁਮਕਿਨ ਹੋਇਆ ਕਿ ਇਥੇ ਦੋ ਹਿੰਦੁਸਤਾਨ ਬਣ ਗਏ ਹਨ। ਇਕ ਪਾਸੇ ਅਰਬਪਤੀ ਅਤੇ ਖਰਬ ਪਤੀ ਬਣ ਗਏ ਹਨ ਤੇ ਦੂਜੇ ਪਾਸੇ ਲੋਕਾਂ ਕੋਲ ਬੁਨਿਆਦੀ ਸਹੂਲਤਾਂ ਵੀ ਨਹੀਂ। ਇਕ ਪਾਸੇ ਲੱਖਾਂ ਟਨ ਅਨਾਜ ਗੁਦਾਮਾਂ ਵਿਚ ਸੜ ਰਿਹਾ ਹੈ ਤੇ ਦੂਜੇ ਪਾਸੇ ਕਰੋੜਾਂ ਲੋਕਾਂ ਨੂੰ ਭੁੱਖਮਰੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਪਲੈਨਿੰਗ ਕਮਿਸ਼ਨ ਦੇ ਵਕੀਲ ਨੂੰ ਅਦਾਲਤ ਦੀ ਇਹ ਝਾੜ ਉਸ ਵੇਲੇ ਪਈ ਜਦ ਉਹ ਪਲੈਨਿੰਗ ਕਮਿਸ਼ਨ ਖ਼ਿਲਾਫ਼ ਹੋਏ ਇਕ ਕੇਸ ਵਿਚ ਸਰਕਾਰ ਵਲੋਂ ਦਲੀਲਾਂ ਦੇ ਰਿਹਾ ਸੀ ਕਿ ਕਿਸੇ ਵੀ ਸਟੇਟ ਵਿਚ ਗਰੀਬੀ ਰੇਖਾ ਤੋਂ ਹੇਠਲੇ ਕਾਰਡਾਂ ਦੀ ਗਿਣਤੀ ਰਾਜ ਦੀ ਵਸੋਂ ਦੇ 36 ਫੀਸਦੀ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ।

ਬੰਗਾਲ ਅਤੇ ਕੁਝ ਹੋਰਨਾਂ ਸਟੇਟਾਂ ਨੇ ਸੁਪ੍ਰੀਮ ਕੋਰਟ ਵਿਚ ਪਲੈਨਿੰਗ ਕਮਿਸ਼ਨ ਦੇ ਇਸ ਫੈਸਲੇ ਖ਼ਿਲਾਫ਼ ਕੇਸ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਸਟੇਟਾਂ ਵਿਚ ਵਸੋਂ ਦੀ 36 ਫੀਸਦੀ ਨਾਲੋਂ ਵੀ ਜ਼ਿਆਦਾ ਲੋਕ ਗਰੀਬੀ ਰੇਖਾ ਦੇ ਹੇਠ ਰਹਿੰਦੇ ਹਨ। ਸੁਪ੍ਰੀਮ ਕੋਰਟ ਨੇ ਪਲੈਨਿੰਗ ਕਮਿਸ਼ਨ ਵਲੋਂ ਬਣਾਈ ਹੋਈ ਗਰੀਬੀ ਰੇਖਾ ਤੇ ਵੀ ਕਿੰਤੂ ਕੀਤਾ। ਪਲੈਨਿੰਗ ਕਮਿਸ਼ਨ ਦੇ ਮੁਤਾਬਕ ਸ਼ਹਿਰਾਂ ਵਿਚ ਰਹਿਣ ਵਾਲੇ ਲੋਕਾਂ ਕੋਲ ਖ਼ਰਚਣ ਲਈ ਵੀਹ ਰੁਪਏ ਰੋਜ਼ ਅਤੇ ਪਿੰਡਾਂ ਵਿਚ ਗਿਆਰਾਂ ਰੁਪਏ ਰੋਜ਼ਾਨਾ ਹੋਣ ਤਾਂ ਉਹ ਗਰੀਬੀ ਰੇਖਾ ਤੋਂ ਉਪਰ ਹਨ। ਜੋ ਇਸ ਤੋਂ ਹੇਠਾਂ ਹੈ ਉਹ ਹੀ ਗਰੀਬ ਹੈ ਅਤੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਕਾਰਡ ਦਾ ਹੱਕਦਾਰ ਹੈ। ਗਰੀਬੀ ਦੀ ਪਰਿਭਾਸ਼ਾ ਦੇਣ ਵਾਲੀ ਇਹ ਰੇਖਾ ਬਹੁਤ ਹੀ ਹਾਸੋਹੀਣੀ ਹੈ। ਸ਼ਹਿਰ ਵਿਚ ਵੀਹ ਰੁਪਏ ਰੋਜ਼ ਦੀ ਆਮਦਨ ਵਾਲੇ ਨੂੰ ਤੇ ਪਿੰਡ ਵਿਚ ਗਿਆਰਾਂ ਰੁਪਏ ਰੋਜ਼ ਦੀ ਆਮਦਨ ਵਾਲਿਆਂ ਨੂੰ ਗਰੀਬ ਨਾ ਮੰਨਣਾ ਸ਼ਰਮਨਾਕ ਗੱਲ ਹੈ। ਇਹ ਗਰੀਬਾਂ ਨਾਲ ਇਕ ਭੱਦੇ ਮਖੌਲ ਤੋਂ ਇਲਾਵਾ ਕੁਝ ਵੀ ਨਹੀਂ ਹੈ।

ਪਰ ਦੁਖ ਵਾਲੀ ਗੱਲ ਹੈ ਕਿ ਕਰੋੜਾਂ ਲੋਕ ਗਰੀਬੀ ਦੀ ਇਸ ਰੇਖਾ ਤੋਂ ਵੀ ਹੇਠਾਂ ਰਹਿੰਦੇ ਹਨ ਜਿਸ ਤਰ੍ਹਾਂ ਬੰਗਾਲ ਅਤੇ ਹੋਰਨਾਂ ਸਟੇਟਾਂ ਨੇ ਸੁਪ੍ਰੀਮ ਕੋਰਟ ਵਿਚ ਕਿਹਾ ਹੈ। ਪਲੈਨਿੰਗ ਕਮਿਸ਼ਨ ਅਤੇ ਕੇਂਦਰੀ ਸਰਕਾਰ ਨੇ ਤਾਂ ਜਿਵੇਂ ਛੂ ਮੰਤਰ ਕਹਿਕੇ ਹੀ ਕਰੋੜਾਂ ਲੋਕਾਂ ਨੂੰ ਅਮੀਰ ਬਣਾ ਦਿਤਾ ਹੈ। ਵੈਸੇ ਇਹ ਹਰ ਰੋਜ਼ ਦਮਗਜੇ ਮਾਰ ਰਹੇ ਹਨ ਕਿ ਨੌਂ ਫੀ ਸਦੀ ਸਾਲ ਦੀ ਦਰ ਨਾਲ ਹਿੰਦੁਸਤਾਨ ਤਰੱਕੀ ਕਰ ਰਿਹਾ ਹੈ ਅਤੇ ਇਹ ਹੁਣ ਗਰੀਬ ਨਹੀਂ ਰਿਹਾ। ਸਿਆਸੀ ਪਾਰਟੀਆਂ ਅਤੇ ਹਾਕਮ ਟੋਲੇ ਦਾ ਮੀਡੀਆ ਵੀ ਇਸ ਕੁਫਰ ਨੂੰ ਹਰ ਰੋਜ਼ ਦੁਹਰਾਉਂਦਾ ਰਹਿੰਦਾ ਹੈ। ਹਿੰਦੁਸਤਾਨ ਦਾ ਆਜ਼ਾਦ ਪ੍ਰੈਸ ਇਹੋ ਜਿਹਾ ਹੈ ਕਿ ਸੁਪ੍ਰੀਮ ਕੋਰਟ ਦੀ ਇਸ ਫਟਕਾਰ ਨੂੰ ਕਿਸੇ ਵੀ ਚੈਨਲ ਨੇ ਅਹਿਮੀਅਤ ਨਹੀਂ ਦਿਤੀ ਅਤੇ ਇਹ ਖ਼ਬਰ ਦੱਬ ਕੇ ਰਹਿ ਗਈ ਹੈ।

ਇਕ ਹੋਰ ਕੇਸ ਹੈ ਜਿਸ ਵਿਚ ਸੁਪ੍ਰੀਮ ਕੋਰਟ ਨੇ ਕੇਂਦਰੀ ਸਰਕਾਰ ਨੂੰ ਕਾਲੇ ਧੰਨ ਬਾਰੇ ਪੇਸ਼ ਹੋਣ ਲਈ ਆਖਿਆ ਸੀ। ਇਸ ਕੇਸ ਵਿਚ ਕੋਰਟ ਨੇ ਕੇਂਦਰੀ ਸਰਕਾਰ ਨੂੰ ਇਕ ਬਾਰ ਫੇਰ ਫਟਕਾਰ ਪਾਈ ਅਤੇ ਅਟਾਰਨੀ ਜਨਰਲ ਤੋਂ ਪੁਛਿਆ ਕਿ ਕੀ ਕੇਂਦਰੀ ਸਰਕਾਰ ਵਿਦੇਸ਼ਾਂ ਵਿਚ ਪਏ ਕਾਲੇ ਧੰਨ ਬਾਰੇ ਸੁੱਤੀ ਪਈ ਹੈ? ਅਤੇ ਇਹ ਉਨ੍ਹਾਂ ਲੋਕਾਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕਰ ਰਹੀ ਜਿਨ੍ਹਾਂ ਦਾ ਕਾਲਾ ਧਨ ਸਵਿਟਜ਼ਰਲੈਂਡ ਅਤੇ ਹੋਰਨਾਂ ਮੁਲਕਾਂ ਵਿਚ ਪਿਆ ਹੈ।

ਕੇਂਦਰੀ ਸਰਕਾਰ ਅਤੇ ਹਾਕਮ ਟੋਲੇ ਨੂੰ ਪਤਾ ਹੈ ਕਿ ਸੁਪ੍ਰੀਮ ਕੋਰਟ ਦੇ ਫੈਸਲੇ ਅਤੇ ਫਿਟਕਾਰਾਂ ਨਾਲ ਉਨ੍ਹਾਂ ਦਾ ਕੁਝ ਨਹੀਂ ਹੋਣਾ। ਕੋਰਟ ਰੌਲਾ ਰੱਪਾ ਪਾ ਕੇ ਹੱਟ ਜਾਵੇਗਾ। ਕੁਝ ਦਿਨ ਰੌਲਾ ਪਵੇਗਾ ਉਸਦੇ ਬਾਅਦ ਸਭ ਕੁਝ ਜਿਉਂ ਦਾ ਤਿਉਂ ਹੀ ਚੱਲੇਗਾ। ਆਖੀਰ ਕਚਹਿਰੀ ਦੇ ਫੈਸਲਿਆਂ ਤੇ ਅਮਲ ਤਾਂ ਉਨ੍ਹਾਂ ਨੇ ਹੀ ਕਰਨਾ ਹੈ। ਜੇ ਉਹ ਹੀ ਘੇਸਲ ਵੱਟ ਲਵੇ ਤਾਂ ਕੋਰਟ ਕੀ ਕਰ ਸਕਦਾ ਹੈ? ਪਿਛਲੇ ਸਾਲ ਸੁਪ੍ਰੀਮ ਕੋਰਟ ਨੇ ਹੁਕਮ ਦਿਤਾ ਸੀ ਕਿ ਗੁਦਾਮਾਂ ਵਿਚ ਸੜ ਰਿਹਾ ਅਨਾਜ ਗਰੀਬਾਂ ਨੂੰ ਮੁਫਤ ਵੰਡ ਦਿਤਾ ਜਾਵੇ। ਕੇਂਦਰੀ ਸਰਕਾਰ ਨੇ ਝੱਗਾ ਚੁਕ ਦਿਤਾ ਤੇ ਇਸ ਬਾਰੇ ਕੋਈ ਵੀ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਇਸ ਬਾਰੇ ਇਸਦਾ ਕੁਝ ਕਰਨ ਦਾ ਇਰਾਦਾ ਹੈ। ਸੁਪਰੀਮ ਕੋਰਟ ਨੇ ਸਰਕਾਰ ਦੀ ਕੀ ਲੱਤ ਭੰਨ ਦਿੱਤੀ?

ਲੁਟੇਰਿਆਂ ਤੇ ਲੁੱਟ ਹੋਣ ਵਾਲਿਆਂ ਦੇ ਦੋ ਹਿੰਦੁਸਤਾਨ ਕੋਈ ਅਸਮਾਨੋਂ ਨਹੀਂ ਡਿੱਗੇ। ਇਹ ਹਾਕਮ ਟੋਲੇ ਦੀਆਂ ਗਿਣੀਆਂ ਮਿਥੀਆਂ ਯੋਜਨਾਵਾਂ ਨਾਲ ਹੋਂਦ ਵਿਚ ਆਏ ਹਨ। ਦੋ ਹਿੰਦੁਸਤਾਨ ਦੀ ਹਕੀਕਤ ਦਾ ਜ਼ਿਕਰ ਕਰਕੇ ਸੁਪ੍ਰੀਮ ਕੋਰਟ ਨੇ ਕੋਈ ਵੱਡਾ ਮਾਰ੍ਕੇ ਵਾਲਾ ਕੰਮ ਨਹੀਂ ਕਰ ਛੱਡਿਆ ਇਹ ਹਕੀਕਤ ਤਾਂ ਅੰਨ੍ਹਿਆਂ ਨੂੰ ਵੀ ਦਿਸਦੀ ਹੈ। ਹਾਕਮ ਟੋਲੇ ਦੇ ਸਾਰੇ ਹੀ ਅਦਾਰਿਆਂ ਨੇ ਰਲ ਮਿਲ ਕੇ ਇਹ ਹਾਲਾਤ ਪੈਦਾ ਕੀਤੇ ਹਨ। ਸੁਪ੍ਰੀਮ ਕੋਰਟ ਨੇ ਇਸ ਮਸਲੇ ਦੇ ਹੱਲ ਲਈ ਸਰਕਾਰ ਨੂੰ ਕੋਈ ਤਜਵੀਜ਼ ਨਹੀਂ ਪੇਸ਼ ਕੀਤੀ ਅਤੇ ਨਾ ਹੀ ਉਹ ਇਸ ਕਾਬਲ ਹੈ।

ਤਜਰਬਾ ਅਤੇ ਤਾਰੀਖ਼ ਦੱਸਦੇ ਹਨ ਕਿ ਸਿਰਫ਼ ਲੋਕ ਹੀ ਇਨ੍ਹਾਂ ਬੁਨਿਆਦੀ ਮਸਲਿਆ ਦਾ ਹੱਲ ਕਰ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਇਕੱਠੇ ਹੋ ਕੇ ਘੋਲ ਕਰਨ ਦੀ ਲੋੜ ਹੈ। ਹਿੰਦੁਸਤਾਨ ਦੇ ਲੋਕ ਇਹ ਘੋਲ ਕਈ ਰੂਪਾਂ ਵਿਚ ਕਰ ਰਹੇ ਹਨ। ਕਿਤੇ ਇਹ ਘੋਲ ਹਥਿਆਰਬੰਦ ਘੋਲ ਦੀ ਸ਼ਕਲ ਵਿਚ ਤੇ ਕਿਤੇ ਕੁਰੱਪਸ਼ਨ ਦੇ ਖ਼ਿਲਾਫ਼ ਜੱਦੋ-ਜਹਿਦ ਦੀ ਸ਼ਕਲ ਵਿਚ ਸਾਹਮਣੇ ਆ ਰਹੇ ਹਨ। ਭਾਵੇਂ ਅਜੇ ਉਨ੍ਹਾਂ ਦੇ ਇਹ ਘੋਲ ਫੈਸਲਾਕੁਨ ਪੜਾਅ ਤੇ ਨਹੀਂ ਪਹੁੰਚੇ ਪਰ ਇਸ ਘੋਲ ਵਿਚ ਉਹ ਲਾਮਬੰਦ ਜ਼ਰੂਰ ਹੋ ਰਹੇ ਹਨ।